BRAMPTON Flower City
brampton.ca

media release

16 ਜਨਵਰੀ, 2018

# ਬ੍ਰੈਂਪਟਨ ਸਿਟੀਜਨ ਅਵਾਰਡ ਲਈ ਕਿਸੇ ਦਾ ਨਾਮਾਂਕਣ ਕਰਨ ਲਈ ਅਜੇ ਵੀ ਸਮਾਂ ਹੈ

ਬ੍ਰੈਂਪਟਨ, ਓਨਟੈਰੀਓ – 2017 ਦੇ ਬ੍ਰੈਂਪਟਨ ਸਿਟੀਜ਼ਨ ਅਵਾਰਡਸ (Brampton Citizens Awards) ਲਈ ਨਾਮਾਂਕਣ ਹੁਣ 31 ਜਨਵਰੀ ਨੂੰ ਬੰਦ ਹੋ ਜਾਣਗੇ।

ਸਿਟੀ ਆਫ ਬ੍ਰੈਂਪਟਨ ਸਿਟੀਜ਼ਨ ਅਵਾਰਡਸ ਪ੍ਰੋਗਰਾਮ ਉਹਨਾਂ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਨੇ ਇਸ ਕੈਲੰਡਰ ਸਾਲ ਦੇ ਦੌਰਾਨ ਅਰਥਪੂਰਨ ਯੋਗਦਾਨ ਪਾਇਆ ਹੈ ਜਾਂ ਕੋਈ ਖ਼ਾਸ ਉਪਲਬਧੀ ਹਾਸਲ ਕੀਤੀ ਹੈ, ਜਿਵੇਂ ਕਿ ਤੁਹਾਡੇ ਵੱਲੋਂ ਨਾਮਾਂਕਣ ਕੀਤਾ ਗਿਆ ਹੈ। ਅਵਾਰਡ 2017 ਦੇ ਕੈਲੰਡਰ ਸਾਲ ਦੇ ਦੌਰਾਨ ਹਾਸਲ ਕੀਤੀਆਂ ਉਪਲਬਧੀਆਂ ਲਈ ਇਹਨਾਂ ਸ਼੍ਰੇਣੀਆਂ ਵਿੱਚ ਦਿੱਤੇ ਜਾਂਦੇ ਹਨ: ਆਰਟਸ ਅਕਲੇਮ (Arts Acclaim), ਐਮਰਜੈਂਸੀ ਸਰਵਿਸਿਜ ਅਵਾਰਡ ਆਫ ਵਲੋਰ (Emergency Services Award of Valour), ਇੰਸਪਿਰੇਸ਼ਨਲ ਐਕਟਸ (Inspirational Acts), ਲੌਂਗ-ਟਰਮ ਸਰਵਿਸ ਐਂਡ ਸਪੋਰਟਸ ਅਚੀਵਮੈਂਟ (Long-Term Service and Sports Achievement)। 2017 ਵਿੱਚ ਨਵੇਂ ਅਵਾਰਡ ਵਾਲੰਟੀਅਰ ਐਂਡ ਯੂਥ ਵਾਲੰਟੀਅਰ ਆਫ ਦਿ ਯੀਅਰ ਅਵਾਰਡਸ (Volunteer and Youth Volunteer of the Year awards) ਹਨ।

1974 ਤੋਂ, ਸਿਟੀ ਆਫ ਬ੍ਰੈਂਪਟਨ ਭਾਈਚਾਰੇ ਵਿੱਚ ਬੇਮਿਸਾਲ ਨਿਵਾਸੀਆਂ ਨੂੰ ਮਾਨਤਾ ਦੇਣ ਵਿੱਚ ਮਾਣ ਮਹਿਸੂਸ ਕਰਦਾ ਰਿਹਾ ਹੈ।

ਪ੍ਰੋਗਰਾਮ ਬਾਰੇ ਹੋਰ ਜਾਣਕਾਰੀ ਲਈ ਜਾਂ ਕਿਸੇ ਅਜਿਹੇ ਵਿਅਕਤੀ ਦਾ ਨਾਮਾਂਕਣ ਕਰਨ ਲਈ, ਜੋ ਪਛਾਣ ਦਾ ਹੱਕਦਾਰ ਹੈ, www.brampton.ca/citizensawards 'ਤੇ ਜਾਓ।

**ਪ੍ਰੋਗਰਾਮ ਦੀਆਂ ਵਿਸ਼ੇਸ਼ਤਾਵਾਂ**

- **ਸਪੋਰਟਸ ਅਚੀਵਮੈਂਟ ਅਵਾਰਡ (Sports Achievement Award)** ਬ੍ਰੈਂਪਟਨ ਦੇ ਉਹਨਾਂ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਦੀਆਂ ਉਪਲਬਧੀਆਂ ਨੂੰ ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਮਿਲੀ ਹੈ।

- **ਆਰਟਸ ਅਕਲੇਮ ਅਵਾਰਡ (Arts Acclaim Award)** ਉਹਨਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਦੇ ਯੋਗਦਾਨ ਦਾ ਸਥਾਨਕ, ਸੂਬਾਈ, ਰਾਸ਼ਟਰੀ ਜਾਂ ਅੰਤਰਰਾਸ਼ਟਰੀ ਸ਼ਲਾਘਾ ਦੇ ਸੰਦਰਭ ਵਿੱਚ ਖ਼ਾਸ ਅਸਰ ਹੈ।

- **ਲੌਂਗ-ਟਰਮ ਸਰਵਿਸ ਅਵਾਰਡ (Long-Term Service Award)** ਉਹਨਾਂ ਸਮਰਪਿਤ ਸਵੈਇੱਛੁੱਕਾਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਦੇ ਯਤਨਾਂ ਨੇ ਰੇਕ੍ਰੀਏਸ਼ਨ ਸਬੰਧੀ ਸਪੋਰਟਸ, ਕਲਾ ਅਤੇ ਭਾਈਚਾਰਕ ਸਮਾਜ ਸੇਵਾਵਾਂ ਦੇ ਵਿਕਾਸ ਅਤੇ ਇਹਨਾਂ ਦੀ ਉੱਨਤੀ ਦੇ ਪ੍ਰਤੀ ਖ਼ਾਸ ਅਸਰ ਪਾਇਆ ਹੈ।

- **ਇੰਸਪਿਰੇਸ਼ਨਲ ਅਵਾਰਡ (Inspirational Award)** ਉਹਨਾਂ ਬ੍ਰੈਂਪਟਨ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜੋ ਮਾਨਵ ਹਿਤੈਸ਼ੀ ਕਾਰਜਾਂ ਦੀ ਹਿਮਾਇਤ ਕਰਦੇ ਹਨ ਅਤੇ/ਜਾਂ ਖੁਦ ਅਜਿਹੇ ਕੰਮ ਕਰਦੇ ਹਨ, ਜਾਂ ਜਿਹਨਾਂ ਨੇ ਦੂਜਿਆਂ 'ਤੇ ਪ੍ਰੇਰਨਾ ਦੇਣ ਵਾਲਾ ਅਸਰ ਪਾਇਆ ਹੈ।

- **ਐਮਰਜੈਂਸੀ ਸਰਵਿਸਿਜ ਅਵਾਰਡ ਆਫ ਵਲੋਰ (Emergency Services Award of Valour)** ਕਿਸੇ ਅਜਿਹੇ ਵਿਅਕਤੀ ਜਾਂ ਵਿਅਕਤੀਆਂ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਨੇ ਕਿਸੇ ਦੂਜੇ ਵਿਅਕਤੀ ਦਾ ਜੀਵਨ ਬਚਾਉਣ ਲਈ ਬਹਾਦਰੀ ਵਾਲਾ ਕੰਮ ਕਰਦੇ ਹੋਏ ਸਵੈਇੱਛੁੱਕ ਤੌਰ 'ਤੇ ਆਪਣੇ ਖੁਦ ਦੇ ਜੀਵਨ ਨੂੰ ਜੋਖਮ ਵਿੱਚ ਪਾਇਆ।

- 2017 ਲਈ ਨਵਾਂ ਅਵਾਰਡ, **ਵਾਲੰਟੀਅਰ ਆਫ ਦਿ ਯੀਅਰ ਅਵਾਰਡ (Volunteer of the Year Award)** ਬ੍ਰੈਂਪਟਨ ਦੇ ਵਾਲੰਟੀਅਰ ਦੇ ਨਾਲ-ਨਾਲ ਬ੍ਰੈਂਪਟਨ ਦੇ ਨੌਜਵਾਨ ਵਾਲੰਟੀਅਰ ਨੂੰ ਮਾਨਤਾ ਦਿੰਦਾ ਹੈ, ਜਿਹਨਾਂ ਨੇ ਕਿਸੇ ਖ਼ਾਸ ਗਤੀਵਿਧੀ ਜਾਂ ਯੋਗਦਾਨ ਦੀ ਬਜਾਏ ਹਰ ਤਰ੍ਹਾਂ ਨਾਲ ਭਾਈਚਾਰਕ ਸ਼ਮੂਲੀਅਤ ਦਰਸਾਈ ਹੈ। ਇਹ ਅਵਾਰਡ ਉਹਨਾਂ ਸਥਾਨਕ ਨਿਵਾਸੀਆਂ ਨੂੰ ਮਾਨਤਾ ਦਿੰਦਾ ਹੈ, ਜੋ ਭਾਈਚਾਰਿਆਂ ਦਾ ਨਿਰਮਾਣ ਕਰਦੇ ਹਨ ਅਤੇ ਦਿਖਾ ਦਿੰਦੇ ਹਨ ਕਿ ਜੋਸ਼ ਅਤੇ ਦ੍ਰਿੜ੍ਹ ਇਰਾਦੇ ਨਾਲ ਕੀ ਹਾਸਲ ਕੀਤਾ ਜਾ ਸਕਦਾ ਹੈ।

The Corporation of The City of Brampton
2 Wellington Street West, Brampton, ON L6Y 4R2 311 TTY: 905.874.2130

-30-

**ਬ੍ਰੈਂਪਟਨ ਵੱਡਾ ਸੋਚ ਰਿਹਾ ਹੈ।** ਅਸੀਂ ਪੂਰੀ ਇਕਾਗਰਤਾ ਦੇ ਨਾਲ ਭਵਿੱਖ ਲਈ ਤਿਆਰ ਸੰਗਠਨ ਹਾਂ। ਅਸੀਂ ਜਾਣਦੇ ਹਾਂ ਕਿ ਸਾਡੇ ਭਾਈਚਾਰੇ ਵਿੱਚ ਵਾਧਾ, ਨੌਜਵਾਨ ਅਤੇ ਵਿਵਿਧਤਾ ਸਾਨੂੰ ਵੱਖਰਾ ਬਣਾਉਂਦੇ ਹਨ। ਨਿਵੇਸ਼ ਨੂੰ ਉਤਸ਼ਾਹਿਤ ਕਰਦੇ ਹੋਏ ਅਤੇ ਆਪਣੀ ਵਿਸ਼ਵ-ਵਿਆਪੀ ਸਫਲਤਾ ਨੂੰ ਅੱਗੇ ਵਧਾਉਂਦੇ ਹੋਏ, ਅਸੀਂ ਕੈਨੇਡਾ ਦੇ ਨਵੀਨਤਾਕਾਰੀ ਸੁਪਰ ਲਾਂਘੇ ਦੇ ਕੇਂਦਰ ਵਿੱਚ ਸਥਿਤ ਹਾਂ। ਅਸੀਂ ਜੋਸ਼ੀਲੇ ਸ਼ਹਿਰੀ ਕੇਂਦਰਾਂ ਦਾ ਨਿਰਮਾਣ ਕਰ ਰਹੇ ਹਾਂ ਜੋ ਮੌਕੇ ਪੈਦਾ ਕਰਦੇ ਹਨ ਅਤੇ ਇੱਥੇ ਰਹਿਣ ਅਤੇ ਕੰਮ ਕਰਨ ਵਾਲੇ ਲੋਕਾਂ ਵਿੱਚ ਮਾਣ ਭਰਦੇ ਹਨ। ਅਜਿਹਾ ਜੁੜਿਆ ਹੋਇਆ ਸ਼ਹਿਰ ਬਣਨ ਲਈ ਬ੍ਰੈਂਪਟਨ ਨੂੰ ਅੱਗੇ ਲਿਜਾ ਰਹੇ ਹਾਂ, ਜੋ ਸਭ ਨੂੰ ਸ਼ਾਮਲ ਕਰਨ ਵਾਲਾ, ਬੇਬਾਕ ਅਤੇ ਨਵੀਨਤਾਕਾਰੀ ਹੋਵੇ। ਸਾਨੂੰ Twitter ਅਤੇ Facebook 'ਤੇ ਫਾਲੋ ਕਰੋ। www.brampton.ca 'ਤੇ ਹੋਰ ਜਾਣੋ।

**ਮੀਡੀਆ ਸੰਪਰਕ**
ਨੈਟਲੀ ਸਟੋਗਡਿਲ (Natalie Stogdill)
ਮੀਡੀਆ ਕੋਆਰਡੀਨੇਟਰ
ਸਿਟੀ ਆਫ ਬ੍ਰੈਂਪਟਨ
905.874.3654 | natalie.stogdill@brampton.ca